WORKSAFEBC | ਨਿਊਜ਼ ਰਿਲੀਜ਼

# ਵਰਕਸੇਫ ਬੀ ਸੀ ਕੰਮ-ਮਾਲਕਾਂ ਅਤੇ ਕੌਨਟਰੈਕਟਰਾਂ ਨੂੰ ਹੜ੍ਹਾਂ ਤੋਂ ਬਾਅਦ ਦੀ ਰਿਕਵਰੀ ਦੌਰਾਨ ਖਤਰਿਆਂ ਤੋਂ ਸੁਚੇਤ ਰਹਿਣ ਬਾਰੇ ਯਾਦ ਕਰਵਾ ਰਹੀ ਹੈ

*ਖਤਰਿਆਂ ਵਿਚ ਐਸਬੈਸਟਸ ਅਤੇ ਕਈ ਤਰ੍ਹਾਂ ਦੀਆਂ ਕੈਮੀਕਲ ਅਤੇ ਬਾਇਓਲੌਜੀਕਲ ਗੰਦਗੀਆਂ ਸ਼ਾਮਲ ਹੋ ਸਕਦੀਆਂ ਹਨ।*

**ਰਿਚਮੰਡ, ਬੀ.ਸੀ. (X ਦਸੰਬਰ, 2021)** – ਜਿਵੇਂ ਬ੍ਰਿਟਿਸ਼ ਕੋਲੰਬੀਅਨ ਹੜ੍ਹਾਂ ਅਤੇ ਜ਼ਮੀਨਾਂ ਦੇ ਹੇਠਾਂ ਖਿਸਕਣ ਨਾਲ ਹੋਏ ਨੁਕਸਾਨ ਨੂੰ ਠੀਕ ਕਰਨਾ ਸ਼ੁਰੂ ਕਰ ਰਹੇ ਹਨ, ਵਰਕਸੇਫ ਬੀ ਸੀ ਕੰਮ-ਮਾਲਕਾਂ ਅਤੇ ਕੌਨਟਰੈਕਟਰਾਂ ਨੂੰ ਉਨ੍ਹਾਂ ਖਤਰਿਆਂ ਦੀ ਪਛਾਣ ਕਰਨ ਅਤੇ ਖਤਰਿਆਂ ਨੂੰ ਕੰਟਰੋਲ ਕਰਨ ਬਾਰੇ ਯਾਦ ਕਰਵਾ ਰਹੀ ਹੈ ਜਿਹੜੇ ਹੜ੍ਹਾਂ ਤੋਂ ਬਾਅਦ ਦੀ ਰਿਕਵਰੀ ਦੌਰਾਨ ਮੌਜੂਦ ਹੋ ਸਕਦੇ ਹਨ।

ਵਰਕਸੇਫ ਬੀ ਸੀ ਵਿਖੇ ਪ੍ਰੀਵੈਨਸ਼ਨ ਸਰਵਿਸਿਜ਼ ਦੇ ਮੁਖੀ ਅਲ ਜੌਹਨਸਨ ਦਾ ਕਹਿਣਾ ਹੈ, "ਜਿਵੇਂ ਅਸੀਂ ਆਪਣੇ ਇਲਾਕਿਆਂ ਨੂੰ ਪਰਤ ਰਹੇ ਹਾਂ ਅਤੇ ਸਫ਼ਾਈ, ਰਿਕਵਰੀ ਅਤੇ ਦੁਬਾਰਾ ਉਸਾਰੀ ਦੇ ਯਤਨ ਆਰੰਭ ਕਰ ਰਹੇ ਹਾਂ, ਇਹ ਜ਼ਰੂਰੀ ਹੈ ਕਿ ਕੰਮ-ਮਾਲਕ ਅਤੇ ਕੌਨਟਰੈਕਟਰ ਇਹ ਸਮਝਦੇ ਹਨ ਕਿ ਹੜ੍ਹਾਂ ਤੋਂ ਬਾਅਦ ਘਰਾਂ ਅਤੇ ਕੰਮਾਂ ਦੀਆਂ ਥਾਂਵਾਂ ਵਿਚ ਸੰਭਾਵੀ ਖਤਰੇ ਹਨ। ਕੰਮ-ਮਾਲਕ ਵਜੋਂ ਤੁਹਾਨੂੰ ਆਪਣੇ ਕੰਮ ਵਾਲੀ ਥਾਂ `ਤੇ ਮੌਜੂਦ ਖਤਰਿਆਂ ਦੀ ਪਛਾਣ ਕਰਨ ਲਈ ਉਨ੍ਹਾਂ ਖਤਰਿਆਂ ਦਾ ਅਨੁਮਾਨ ਲਗਾਉਣ ਦੀ ਲੋੜ ਹੈ ਅਤੇ ਇਹ ਅਨੁਮਾਨ ਲਾਉਣ ਦੀ ਲੋੜ ਹੈ ਕਿ ਉਹ ਤੁਹਾਡੇ ਵਰਕਰਾਂ ਨੂੰ ਕਿਸ ਤਰ੍ਹਾਂ ਖਤਰੇ ਵਿੱਚ ਪਾ ਸਕਦੇ ਹਨ।"

ਵਰਕਸੇਫ ਬੀ ਸੀ ਦਾ ਕਹਿਣਾ ਹੈ ਕਿ ਖਤਰੇ ਦੀ ਸਿਸਟਮਬੱਧ ਅਸੈੱਸਮੈਂਟ ਇਹ ਸਮਝਣ ਬਾਰੇ ਹੈ ਕਿ ਤੁਹਾਡੇ ਵਰਕਰਾਂ ਦਾ ਕਿਵੇਂ ਨੁਕਸਾਨ ਹੋ ਸਕਦਾ ਹੈ ਅਤੇ ਕੰਮ ਦੀ ਥਾਂ ਵਿਚ ਉਨ੍ਹਾਂ ਖਤਰਿਆਂ ਨੂੰ ਕੰਟਰੋਲ ਕਰਨ ਲਈ ਕੀ ਵਾਜਬ ਉਪਾ ਲਾਗੂ ਹੋ ਸਕਦੇ ਹਨ।

ਜੌਹਨਸਨ ਨੇ ਇਹ ਧਿਆਨ ਦਵਾਇਆ ਹੈ ਕਿ ਸੂਬੇ ਭਰ ਵਿਚ ਖਤਰੇ ਵੱਖੋ ਵੱਖਰੇ ਹੋ ਸਕਦੇ ਹਨ, ਜੋ ਕਿ ਹੜ੍ਹਾਂ ਦੇ ਇਲਾਕਾਈ ਅਸਰਾਂ ਅਤੇ ਕੀਤੇ ਜਾਣ ਵਾਲੇ ਕੰਮ ਦੀ ਕਿਸਮ `ਤੇ ਨਿਰਭਰ ਕਰਦਾ ਹੈ।

ਸੰਭਾਵੀ ਖਤਰਿਆਂ ਵਿਚ ਸ਼ਾਮਲ ਹਨ:

- ਐਸਬੈਸਟਸ ਵਾਲੀ ਸਾਮੱਗਰੀ ਦੀ ਹਿਲਜੁਲ ਹੋਣਾ।
- ਕੈਮੀਕਲ ਜਾਂ ਬਾਇਓਲੌਜੀਕਲ ਗੰਦਗੀ।
- ਨੁਕਸਾਨਿਆ ਗਿਆ ਸਾਜ਼-ਸਾਮਾਨ।
- ਢਾਂਚੇ ਦਾ ਜਾਂ ਬਿਜਲੀ ਦਾ ਨੁਕਸਾਨ।
- ਬਿਲਡਿੰਗਾਂ ਵਿਚ ਸਿੱਲ੍ਹ ਅਤੇ ਉੱਲੀ।
- ਜਾਨਵਰਾਂ ਦੇ ਪਿੰਜਰ।

ਵਰਕਸੇਫ ਬੀ ਸੀ ਦਾ ਕਹਿਣਾ ਹੈ ਕਿ ਹਰ ਖਤਰੇ ਲਈ ਕੰਮ-ਮਾਲਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਲੋਕਾਂ ਦੇ ਕਿਹੜੇ ਗਰੁੱਪਾਂ ਨੂੰ ਖਤਰਾ ਹੈ। ਇਹ ਖਤਰੇ ਨੂੰ ਕੰਟਰੋਲ ਕਰਨ ਦੇ ਸਭ ਤੋਂ ਬਿਹਤਰ ਤਰੀਕੇ ਦਾ ਫੈਸਲਾ ਕਰਨ ਵਿਚ ਉਨ੍ਹਾਂ ਦੀ ਮਦਦ ਕਰੇਗਾ।

ਜੌਹਨਸਨ ਦਾ ਕਹਿਣਾ ਹੈ, "ਹੋਣ ਵਾਲੇ ਕੰਮ ਦੀ ਕਿਸਮ, ਅਤੇ ਹੜ੍ਹਾਂ ਦੇ ਨਤੀਜੇ ਵਜੋਂ ਪੈਦਾ ਹੋਏ ਖਤਰਿਆਂ ਦੀ ਗਿਣਤੀ ਅਤੇ ਕਿਸਮਾਂ ਮੁਤਾਬਕ, ਖਤਰੇ ਦੀਆਂ ਅਸੈੱਸਮੈਂਟਾਂ ਕੰਮ ਦੀ ਹਰ ਥਾਂ ਮੁਤਾਬਕ ਕਰਨ ਦੀ ਲੋੜ ਹੁੰਦੀ ਹੈ"।

ਕੁਝ ਕੇਸਾਂ ਵਿਚ, ਖਤਰਿਆਂ ਦਾ ਮੁਲਾਂਕਣ ਅਤੇ ਇਨ੍ਹਾਂ ਨੂੰ ਖਤਮ ਕਰਨਾ, ਯੋਗਤਾਪ੍ਰਾਪਤ ਮਾਹਰਾਂ ਵਲੋਂ ਕੀਤਾ ਜਾਣਾ ਜ਼ਰੂਰੀ ਹੈ। ਉਦਾਹਰਣ ਲਈ, ਇਹ ਪਤਾ ਲਾਉਣਾ ਕਿ ਕੀ ਐਸਬੈਸਟਸ ਤੋਂ ਖਤਰਾ ਹੈ ਜਾਂ ਨਹੀਂ।

ਕਿਸੇ ਬਿਲਡਿੰਗ ਵਿਚ ਐਸਬੈਸਟਸ ਦਾ ਪਤਾ ਲਾਉਣ ਲਈ, ਟੈੱਸਟ ਕਰਨ ਵਾਲੀ ਕਿਸੇ ਯੋਗਤਾਪ੍ਰਾਪਤ ਕੰਪਨੀ ਜਾਂ ਐਸਬੈਸਟਸ ਸਰਵੇਅਰ ਦੀ ਸਲਾਹ ਲਈ ਜਾਣੀ ਜ਼ਰੂਰੀ ਹੈ। ਬੀ.ਸੀ. ਵਿਚ 1990ਵਿਆਂ ਦੇ ਸ਼ੁਰੂ ਤੱਕ ਐਸਬੈਸਟਸ ਬਿਲਡਿੰਗ ਸਾਮੱਗਰੀ ਦੇ ਤੌਰ `ਤੇ ਵੱਡੇ ਪੱਧਰ `ਤੇ ਵਰਤੀ ਜਾਂਦੀ ਸੀ, ਅਤੇ ਇਹ ਪੁਰਾਣੇ ਘਰਾਂ ਅਤੇ ਬਿਲਡਿੰਗਾਂ ਦੇ ਬਹੁਤ ਸਾਰੇ ਏਰੀਏ ਵਿਚ ਹੋ ਸਕਦੀ ਹੈ। ਇਹ ਬਿਲਡਿੰਗ ਦੀ ਆਮ ਸਾਮੱਗਰੀ ਵਿਚ ਮਿਲ ਸਕਦੀ ਹੈ ਜਿਵੇਂ ਕਿ ਡਰਾਈਵਾਲ ਦੇ ਪਦਾਰਥ, ਫਲੋਰਿੰਗ, ਸਟੱਕੋ, ਅਤੇ ਇਨਸੂਲੇਸ਼ਨ ਵਿਚ। ਜੇ ਘਰ ਜਾਂ ਬਿਜ਼ਨਸ ਦੇ ਮਾਲਕ ਇਹ ਸ਼ੱਕ ਕਰਦੇ ਹੋਣ ਕਿ ਐਸਬੈਸਟਸ ਹੈ ਤਾਂ ਇਸ ਨੂੰ ਹਿਲਾਇਆ ਜਾਂ ਮੂਵ ਨਹੀਂ ਕੀਤਾ ਜਾਣਾ ਚਾਹੀਦਾ।

ਜੇ ਐਸਬੈਸਟਸ ਮਿਲਦੀ ਹੈ ਤਾਂ ਕਾਨੂੰਨ ਇਹ ਮੰਗ ਕਰਦਾ ਹੈ ਕਿ ਇਸ ਨੂੰ ਹਟਾਉਣ ਲਈ ਕੰਮ-ਮਾਲਕ ਯੋਗਤਾਪ੍ਰਾਪਤ ਅਬੇਟਮੈਂਟ ਕੌਨਟਰੈਕਟਰ ਤੋਂ ਕੰਮ ਕਰਵਾਉਣ। ਐਸਬੈਸਟਸ ਨੂੰ ਹਟਾਉਣ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ ਯੋਗਤਾਪ੍ਰਾਪਤ ਵਿਅਕਤੀ ਲਈ ਇਹ ਤਸਦੀਕ ਕਰਨਾ ਵੀ ਜ਼ਰੂਰੀ ਹੈ ਕਿ ਕੰਮ ਵਾਲੀ ਥਾਂ ਦੀ ਹਵਾ ਸੁਰੱਖਿਅਤ ਹੈ।

ਵਰਕਸੇਫ ਬੀ ਸੀ ਘਰ ਮਾਲਕਾਂ ਨੂੰ ਇਹ ਉਤਸ਼ਾਹ ਵੀ ਦਿੰਦੀ ਹੈ ਕਿ ਜੇ ਉਨ੍ਹਾਂ ਨੂੰ ਹੜ੍ਹ ਤੋਂ ਬਾਅਦ ਰਿਪੇਅਰਾਂ, ਰੈਨੋਵੇਸ਼ਨਾਂ, ਜਾਂ ਢਹਾਈ ਦਾ ਕੰਮ ਕਰਨ ਦੀ ਲੋੜ ਹੈ ਤਾਂ ਉਹ ਐਸਬੈਸਟਸ ਲਈ ਟੈੱਸਟ ਕਰਨ ਅਤੇ ਇਸ ਨੂੰ ਹਟਾਉਣ ਲਈ ਪਲੈਨਿੰਗ ਕਰਨ ਬਾਰੇ ਆਪਣੇ ਕੌਨਟਰੈਕਟਰ ਨਾਲ ਗੱਲ ਕਰਨ।

ਹੋਰ ਜਾਣਕਾਰੀ worksafebc.com `ਤੇ ਉਪਲਬਧ ਹੈ। ਜੇ ਸਵਾਲ ਹੋਣ ਤਾਂ ਵਰਕਰ ਅਤੇ ਕੰਮ-ਮਾਲਕ ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਨੂੰ ਵੀ 1-888-621-7233 `ਤੇ ਫੋਨ ਕਰ ਸਕਦੇ ਹਨ।

**ਵਸੀਲੇ**

- ਐਸਬੈਸਟਸ ਅਵੇਅਰਨੈੱਸ ਫਾਰ ਹੋਮਓਨਰਜ਼: ThinkAsbestos.com
- ਵਰਕਸੇਫ ਬੀ ਸੀ: Conducting a risk assessment

- ਐਮਰਜੰਸੀ ਮੈਨੇਜਮੈਂਟ ਬੀ ਸੀ: Flood Recovery Support
- ਟੈਕਨੀਕਲ ਸੇਫਟੀ ਬੀ ਸੀ: Search for a licensed contractor

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157